# **3**.ਦੇਖਭਾਲ ਕਿਵੇਂ ਪ੍ਰਾਪਤ ਕਰਨੀਆਂ ਹਨ

## ਸੰਵੇਦਨਸ਼ੀਲ ਦੇਖਭਾਲ

### ਨਾਬਾਲਗ ਦੀ ਸਹਿਮਤੀ ਵਾਲੀਆਂ ਸੇਵਾਵਾਂ

ਜੇਕਰ ਤੁਹਾਡੀ ਉਮਰ 18 ਸਾਲ ਤੋਂ ਘੱਟ ਹੈ, ਤਾਂ ਤੁਹਾਨੂੰ ਕੁਝ ਸਿਹਤ ਦੇਖਭਾਲ ਸੇਵਾਵਾਂ ਪ੍ਰਾਪਤ ਕਰਨ ਲਈ ਮਾਤਾ-ਪਿਤਾ ਜਾਂ ਸਰਪ੍ਰਸਤ ਦੀ ਇਜਾਜ਼ਤ ਦੀ ਲੋੜ ਨਹੀਂ ਹੈ ਅਤੇ ਤੁਸੀਂ ਇਹ ਸੇਵਾਵਾਂ ਗੁਪਤ ਰੂਪ ਵਿੱਚ ਪ੍ਰਾਪਤ ਕਰ ਸਕਦੇ ਹੋ, ਜਿਸਦਾ ਮਤਲਬ ਹੈ ਕਿ ਜੇਕਰ ਤੁਸੀਂ ਆਪਣੀ ਲਿਖਤੀ ਇਜਾਜ਼ਤ ਤੋਂ ਬਿਨਾਂ ਇਹ ਸੇਵਾਵਾਂ ਲੈਂਦੇ ਹੋ ਤਾਂ ਤੁਹਾਡੇ ਮਾਤਾ-ਪਿਤਾ ਜਾਂ ਸਰਪ੍ਰਸਤ ਨੂੰ ਸੂਚਿਤ ਜਾਂ ਸੰਪਰਕ ਨਹੀਂ ਕੀਤਾ ਜਾਵੇਗਾ। ਇਨ੍ਹਾਂ ਸੇਵਾਵਾਂ ਨੂੰ ਨਾਬਾਲਗ ਦੀ ਸਹਿਮਤੀ ਵਾਲੀਆਂ ਸੇਵਾਵਾਂ ਕਿਹਾ ਜਾਂਦਾ ਹੈ।

12 ਸਾਲ ਤੋਂ ਘੱਟ ਉਮਰ ਦੌਰਾਨ ਤੁਸੀਂ ਇਹ ਸੇਵਾਵਾਂ ਪ੍ਰਾਪਤ ਕਰ ਸਕਦੇ ਹਨ:

- ਜਿਨਸੀ ਹਮਲੇ ਸਬੰਧੀ ਸੇਵਾਵਾਂ
- ਗਰਭ ਅਵਸਥਾ ਅਤੇ ਗਰਭ ਨਾਲ ਸਬੰਧਤ ਸੇਵਾਵਾਂ
- ਪਰਿਵਾਰ ਨਿਯੋਜਨ ਸੇਵਾਵਾਂ, ਜਿਵੇਂ ਕਿ ਗਰਭ ਨਿਰੋਧ ਸੇਵਾਵਾਂ (ਉਦਾਹਰਣ ਵਜੋਂ, ਜਨਮ ਨਿਯੰਤਰਣ)

ਜੇਕਰ ਤੁਹਾਡੀ **ਉਮਰ 12 ਸਾਲ ਜਾਂ ਇਸ ਤੋਂ ਵੱਧ ਹੈ** ਤਾਂ ਤੁਸੀਂ ਉੱਪਰ ਸੂਚੀਬੱਧ ਸੇਵਾਵਾਂ ਤੋਂ ਇਲਾਵਾ, ਹੇਠ ਲਿਖੀਆਂ ਸੇਵਾਵਾਂ ਵੀ ਪ੍ਰਾਪਤ ਕਰ ਸਕਦੇ ਹੋ:

- ਬਾਹਰੀ ਮਰਿਜ਼ ਲਈ ਮਾਨਸਿਕ ਸਿਹਤ ਸੰਬੰਧੀ ਇਲਾਜ ਜਾਂ ਸਲਾਹ। ਇਹ ਕਿਸੇ ਪੇਸ਼ੇਵਰ ਵਿਅਕਤੀ ਦੁਆਰਾ ਨਿਰਧਾਰਤ ਕੀਤੇ ਅਨੁਸਾਰ ਤੁਹਾਡੀ ਪਰਿਪੱਕਤਾ ਅਤੇ ਤੁਹਾਡੀ ਸਿਹਤ ਦੇਖਭਾਲ ਵਿੱਚ ਹਿੱਸਾ ਲੈਣ ਦੀ ਤੁਹਾਡੀ ਯੋਗਤਾ 'ਤੇ ਨਿਰਭਰ ਕਰੇਗਾ
- ਲਾਗ, ਛੂਤ ਵਾਲੀਆਂ ਬਿਮਾਰੀਆਂ ਜਾਂ ਸੰਚਾਰੀ ਰੋਗਾਂ ਦੀ ਜਾਂਚ ਅਤੇ ਇਲਾਜ, ਜਿਸ ਵਿੱਚ HIV/AIDS ਸ਼ਾਮਲ ਹੈ
- ਜਿਨਸੀ ਤੌਰ 'ਤੇ ਸੰਚਾਰਿਤ ਲਾਗ (Sexually transmitted infection, STI) ਰੋਕਥਾਮ, ਜਾਂਚ, ਅਤੇ STI ਦਾ ਇਲਾਜ ਜਿਵੇਂ ਕਿ ਸਿਫਿਲਿਸ, ਗੋਨੋਰੀਆ, ਕਲੇਮੀਡੀਆ, ਅਤੇ ਹਰਪੀਸ ਸਿੰਪਲੈਕਸ
- ਨਜ਼ਦੀਕੀ ਸਾਥੀ ਹਿੰਸਾ ਸੇਵਾਵਾਂ

- ਨਸ਼ੀਲੇ ਪਦਾਰਥਾਂ ਦੀ ਵਰਤੋਂ ਨਾਲ ਸਬੰਧਤ ਬਿਮਾਰੀਆਂ (Substance use disorder, SUD) ਦਾ ਇਲਾਜ ਜਿਸ ਵਿੱਚ ਨਸ਼ੀਲੀਆਂ ਦਵਾਈਆਂ ਅਤੇ ਸ਼ਰਾਬ ਦੀ ਦੁਰਵਰਤੋਂ ਸ਼ਾਮਲ ਹੈ ਜਿਸ ਵਿੱਚ ਸਕ੍ਰੀਨਿੰਗ, ਮੁਲਾਂਕਣ, ਦਖਲਅੰਦਾਜ਼ੀ, ਅਤੇ ਰੈਫਰਲ ਸੇਵਾਵਾਂ ਸ਼ਾਮਲ ਹਨ

ਤੁਸੀਂ ਕਿਸੇ ਵੀ Medi-Cal ਪ੍ਰਦਾਤਾ ਜਾਂ ਕਲੀਨਿਕ ਤੋਂ ਨਾਬਾਲਗ ਦੀ ਸਹਿਮਤੀ ਵਾਲੀਆਂ ਸੇਵਾਵਾਂ ਪ੍ਰਾਪਤ ਕਰ ਸਕਦੇ ਹੋ। ਪ੍ਰਦਾਤਾਵਾਂ ਦਾ Partnership ਦੇ ਨੈੱਟਵਰਕ ਵਿੱਚ ਹੋਣਾ ਜ਼ਰੂਰੀ ਨਹੀਂ ਹੈ। ਤੁਹਾਨੂੰ ਆਪਣੇ PCP ਤੋਂ ਰੈਫਰਲ ਜਾਂ ਪੂਰਵ-ਪ੍ਰਵਾਨਗੀ (ਪੂਰਵ ਅਧਿਕਾਰ) ਦੀ ਲੋੜ ਨਹੀਂ ਹੈ।

ਜੇਕਰ ਤੁਸੀਂ ਨਾਬਾਲਗ ਦੀ ਸਹਿਮਤੀ ਵਾਲੀਆਂ ਸੇਵਾਵਾਂ ਤੋਂ ਇਲਾਵਾ ਹੋਰ ਸੇਵਾਵਾਂ ਲਈ ਕਿਸੇ ਬਾਹਰੀ-ਨੈੱਟਵਰਕ ਪ੍ਰਦਾਤਾ ਦੀ ਵਰਤੋਂ ਕਰਦੇ ਹੋ, ਤਾਂ ਉਹਨਾਂ ਨੂੰ ਕਵਰ **ਨਹੀਂ** ਕੀਤਾ ਜਾ ਸਕਦਾ।

ਨਾਬਾਲਗ ਦੀ ਸਹਿਮਤੀ ਵਾਲੀਆਂ ਸੇਵਾਵਾਂ ਲਈ Partnership Medi-Cal ਨੈੱਟਵਰਕ ਤੋਂ ਬਾਹਰ ਕਿਸੇ Medi-Cal ਪ੍ਰਦਾਤਾ ਨੂੰ ਲੱਭਣ ਲਈ, ਜਾਂ ਕਿਸੇ ਪ੍ਰਦਾਤਾ ਤੱਕ ਪਹੁੰਚਣ ਲਈ ਆਵਾਜਾਈ ਸਹਾਇਤਾ ਲਈ, Partnership ਦੀ ਮੈਂਬਰ ਸੇਵਾਵਾਂ ਨੂੰ 1-800-863-4155 'ਤੇ ਕਾਲ ਕਰੋ।

ਗਰਭ ਨਿਰੋਧ ਸੇਵਾਵਾਂ ਬਾਰੇ ਹੋਰ ਜਾਣਕਾਰੀ ਲਈ, ਇਸ ਹੈਂਡਬੁੱਕ ਦੇ ਅਧਿਆਇ 4 ਵਿੱਚ "ਨਿਵਾਰਕ ਅਤੇ ਤੰਦਰੁਸਤੀ ਸੇਵਾਵਾਂ ਅਤੇ ਪੁਰਾਣੀ ਬਿਮਾਰੀ ਪ੍ਰਬੰਧਨ" (Preventive and wellness services and chronic disease management) ਪੜ੍ਹੋ।

Partnership ਵਿਸ਼ੇਸ਼ ਮਾਨਸਿਕ ਸਿਹਤ ਸੇਵਾਵਾਂ (Specialty Mental Health Services, SMHS) ਜਾਂ ਜ਼ਿਆਦਾਤਰ ਨਸ਼ੀਲੇ ਪਦਾਰਥਾਂ ਦੀ ਵਰਤੋਂ ਨਾਲ ਸਬੰਧਤ ਬਿਮਾਰੀਆਂ (Substance Use Disorder, SUD) ਸੇਵਾਵਾਂ ਵਰਗੀਆਂ ਨਾਬਾਲਗ ਸਹਿਮਤੀ ਸੇਵਾਵਾਂ ਨੂੰ ਕਵਰ ਨਹੀਂ ਕਰਦਾ ਹੈ। ਇਹ ਸੇਵਾਵਾਂ ਉਸ ਕਾਉਂਟੀ ਦੁਆਰਾ ਕਵਰ ਕੀਤੀਆਂ ਜਾਂਦੀਆਂ ਹਨ ਜਿੱਥੇ ਤੁਸੀਂ ਰਹਿੰਦੇ ਹੋ। ਇਹਨਾਂ ਸੇਵਾਵਾਂ ਤੱਕ ਕਿਵੇਂ ਪਹੁੰਚ ਕਰਨੀ ਹੈ, ਇਸ ਬਾਰੇ ਹੋਰ ਜਾਣਨ ਲਈ, ਇਸ ਹੈਂਡਬੁੱਕ ਦੇ ਅਧਿਆਇ 4 ਵਿੱਚ "ਵਿਸ਼ੇਸ਼ ਮਾਨਸਿਕ ਸਿਹਤ ਸੇਵਾਵਾਂ (Specialty Mental Health Services, SMHS)" ਅਤੇ "ਨਸ਼ੀਲਏ ਪਦਾਰਥਾਂ ਦੀ ਵਰਤੋਂ ਨਾਲ ਸਬੰਧਤ ਬਿਮਾਰੀਆਂ (Substance Use Disorder, SUD) ਦੇ ਇਲਾਜ ਦੀਆਂ ਸੇਵਾਵਾਂ" ਪੜ੍ਹੋ। ਹੋਰ ਜਾਣਕਾਰੀ ਲਈ, 1-800-863-4155 'ਤੇ ਕਾਲ ਕਰੋ।

SMHS ਲਈ ਸਾਰੀਆਂ ਕਾਉਂਟੀਆਂ ਦੇ ਟੋਲ-ਫ੍ਰੀ ਟੈਲੀਫ਼ੋਨ ਨੰਬਰਾਂ ਦੀ ਸੂਚੀ ਲਈ, ਇੱਥੇ ਜਾਓ: http://www.dhcs.ca.gov/individuals/Pages/MHPContactList.aspx

SUD ਇਲਾਜ ਸੇਵਾਵਾਂ ਲਈ ਸਾਰੀਆਂ ਕਾਉਂਟੀਆਂ ਦੇ ਟੋਲ-ਫ੍ਰੀ ਟੈਲੀਫ਼ੋਨ ਨੰਬਰਾਂ ਦੀ ਸੂਚੀ ਲਈ, ਇੱਥੇ ਜਾਓ: https://www.dhcs.ca.gov/individuals/Pages/SUD_County_Access_Lines.aspx.

ਨਾਬਾਲਗ ਆਪਣੀਆਂ ਸਿਹਤ ਸਬੰਧੀ ਚਿੰਤਾਵਾਂ ਬਾਰੇ 24/7 ਨਰਸ ਲਾਈਨ 1-866-778-8873 'ਤੇ ਕਾਲ ਕਰਕੇ ਕਿਸੇ ਪ੍ਰਤੀਨਿਧੀ ਨਾਲ ਨਿੱਜੀ ਤੌਰ 'ਤੇ ਗੱਲ ਕਰ ਸਕਦੇ ਹਨ।

ਤੁਸੀਂ ਆਪਣੀਆਂ ਮੈਡੀਕਲ ਸੇਵਾਵਾਂ ਬਾਰੇ ਗੁਪਤ ਜਾਣਕਾਰੀ ਨੂੰ ਇੱਕ ਖਾਸ ਫਾਰਮ ਜਾਂ ਫਾਰਮੈਟ ਵਿੱਚ ਪ੍ਰਾਪਤ ਕਰਨ ਲਈ ਬੇਨਤੀ ਕਰ ਸਕਦੇ ਹੋ, ਜੇਕਰ ਉਪਲਬਧ ਹੋਵੇ। ਤੁਸੀਂ ਇਸਨੂੰ ਕਿਸੇ ਹੋਰ ਸਥਾਨ 'ਤੇ ਭੇਜਣ ਲਈ ਕਹਿ ਸਕਦੇ ਹੋ। ਸੰਵੇਦਨਸ਼ੀਲ ਸੇਵਾਵਾਂ ਨਾਲ ਸਬੰਧਿਤ ਗੁਪਤ ਸੰਚਾਰਾਂ ਬਾਰੇ ਹੋਰ ਜਾਣਨ ਲਈ, ਇਸ ਹੈਂਡਬੁੱਕ ਦੇ ਅਧਿਆਇ 7 ਵਿੱਚ "ਪਰਦੇਦਾਰੀ ਅਭਿਆਸਾਂ ਦਾ ਨੋਟਿਸ" ਪੜ੍ਹੋ।